9

# ‘‘ਸਿੱਖ ਬਣੋ,’’ 1

– ਪਾਪ ਨਾਲ ਭਰੇ ਕਿਸੇ ਮਨੁਖ ਨੂੰ ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿਚ ਖੜੇ ਹੋਣ ਦਾ ਹੱਕ ਜਾਂ ਕਾਰਣ ਨਹੀਂ ਹੈ।
– ਕਿਸੇ ਦੋਸ਼ ਭਰੇ ਨੂੰ ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿਚ ਇਜਾਜ਼ਤ ਨਹੀ ਹੈ।
– ਮੈ ਦੋਸ਼ ਭਰਿਆ ਹਾਂ; ਇਸ ਕਰਕੇ ਮੈਂ ਨਿਹਚਾ ਰਾਹੀ ਬਚਾਇਆ ਗਿਆ ਹਾਂ।
– ਮੈਂ ਆਪਣੇ ਆਪ ਨੂੰ ਆਪੇ ਨਹੀਂ ਬਚਾ ਸਕਦਾ; ਇਸ ਕਰਕੇ ਮੈਂ ਨਿਹਚਾ ਰਾਹੀਂ ਬਚਾਇਆ ਗਿਆ ਹਾਂ।
– ਮੈਂ ਇਕ ਮਿਨਟ ਲਈ ਵੀ ਸਿੱਧ ਨਹੀਂ ਬਣ ਸਕਦਾ; ਪਰ ਮੈਂ ਰੋਜ਼ ਵਫ਼ਾਦਾਰ ਬਣ ਸਕਦਾ ਹਾਂ।
– ਖ਼ੁਦਾ ਨੇ ਸਲੀਬ ਤੇ ਸਭ ਕੁਝ ਦਾਅ ਤੇ ਲਾ ਦਿੱਤਾ; ਅਸੀਂ ਨਿਹਚਾ ਨਾਲ ਸਭ ਕੁਝ ਦਾਅ ਤੇ ਲਾਉਂਦੇ ਹਾਂ।

ਇਕ ਚੀਜ਼ ਜੋ ਅਸੀਂ ਨਹੀਂ ਬਣ ਸਕਦੇ ਉਹ ਹੈ ‘‘ਸਿੱਧ’’ ਹੋਣਾ। ਤਾਂ ਵੀ ਖ਼ੁਦਾ ਨੇ ਹੁਕਮ ਦਿੱਤਾ, ‘‘ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ’’ (ਮੱਤੀ 5:48)। ‘‘ਸੰਪੂਰਣ ਬਣੋ!’’ ਦੁਨੀਆ ਵਿਚ ਅੱਜ ਤਕ ਦਾ ਸਭ ਤੋਂ ਵੱਡਾ ਉਪਦੇਸ਼ ਪਹਾੜੀ ਉਪਦੇਸ਼ ਹੀ ਹੈ (ਯਿਸੂ ਦਾ, ਮੱਤੀ 5–7)। ਪਹਾੜੀ ਉਪਦੇਸ਼ ਵਿਚ ਵਿਖਾਇਆ ਗਿਆ ਜ਼ਿੰਦਗੀ ਜੀਣ ਦਾ ਢੰਗ ਹੀ ਸਹੀ ਵਿਹਾਰਕ ਢੰਗ ਹੈ। ਮੁਬਾਰਕਬਾਦੀਆਂ ਵਿਚ ਯਿਸੂ ਨੇ ਦੱਸਿਆ ਕਿ ਸਾਨੂੰ ਕਿਹੋ ਜਿਹੇ ਹੋਣਾ ਚਾਹੀਦਾ ਹੈ; ਫਿਰ ਉਸ ਨੇ ਸਾਨੂੰ ਕੰਮ ਕਰਨਾ ਸਿਖਾਇਆ। ਅੱਜ ਲੋਕਾਂ ਨੂੰ ਜ਼ਿੰਦਗੀ ਦੇ ਵਿਚ ਕੰਮ ਕਰਨ ਵਾਲੇ ਫ਼ਲਸਫ਼ੇ ਦੀ ਬੇਹੱਦ ਲੋੜ ਹੈ। ਖ਼ੁਦਾ ਦੇ ਨਾਲ ਸਾਡਾ ਰੋਜ਼ ਦਾ ਚੱਲਣਾ ਸਾਡੀਆਂ ਜ਼ਿੰਦਗੀਆਂ ਦੇ ਟੀਚੇ ਨੂੰ ਨਵੇਂ ਨਵੇਂ ਅਰਥ ਦਿੰਦਾ ਰਹਿੰਦਾ ਹੈ। ਕੋਈ ਇੰਜੀਲ ਨੂੰ ਸੁਣ ਕੇ ਉਸ ਨੂੰ ਮੰਨਦਾ ਹੈ। ਉਹ ਬਚਾਇਆ ਜਾਂਦਾ ਹੈ, ਭਾਵ ਉਹ ਮਸੀਹੀ ਬਣ ਜਾਂਦਾ ਹੈ ਅਤੇ ਖ਼ੁਦਾ ਵੱਲੋਂ ਉਸ ਨੂੰ ਮਸੀਹ ਦੀ ਕਲੀਸੀਆ ਵਿਚ ਰਲਾ ਲਿਆ ਜਾਂਦਾ ਹੈ। ਉਸ ਨਵੇਂ ਜਨਮ ਨਾਲ, ਇਹ ਸਵਾਲ ਉਸਦੇ ਮਗਰ ਪੈ ਜਾਂਦਾ ਹੈ ਕਿ ‘‘ਮਸੀਹੀ ਹੋਣ ਤੋਂ ਕੀ ਭਾਵ ਹੈ? ਮੈਂ ਕੀ ਬਣਨਾ ਹੈ, ਮੈਂ ਕੀ ਕਰਨਾ ਹੈ? ਫਿਰ ਮੈਂ ਕਿਵੇਂ ਕਰਾਂਗਾ?’’ ਯਿਸੂ ‘‘ਸੰਪੂਰਣ ਬਣੋ’’ ਦੇ ਖ਼ੁਦਾ ਦੇ ਨਜ਼ਰੀਏ ਨੂੰ ਘੱਟ ਕਰਨ ਨਹੀਂ ਆਇਆ। ਪਹਾੜੀ ਉਪਦੇਸ਼ ਵਿਚ ਮੁੱਖ ਗੱਲ ‘‘ਸੰਪੂਰਣ ਬਣੋ’’ ਹੀ ਹੈ। ਪਹਿਲਾਂ ਮੁਬਾਰਕਬਾਦੀਆਂ ਅਤੇ ਬਾਅਦ ਵਿਚ ਉਨ੍ਹਾਂ ਦੇ ਕੰਮ ਉਸ ਵਿਚਾਰ ਨੂੰ ਵਧੇਰੇ ਵਿਸਤਾਰ ਦਿੰਦੇ ਹਨ। ਅਸੀਂ ਅਧੂਰੇ ਹਾਂ। ਆਪਣੇ ਆਪ ਵਿਚ ਅਸੀਂ ਜੰਗ ਜਿੱਤਣ ਦੇ ਕਾਬਲ ਨਹੀਂ ਹਾਂ। ਖ਼ੁਦਾ ਉਨ੍ਹਾਂ ਕੰਮਾਂ ਨੂੰ ਕਰਦਾ ਹੈ, ਜਿਨ੍ਹਾਂ ਨੂੰ ਅਸੀਂ ਨਹੀਂ ਕਰ ਸਕਦੇ, ਤਾਂ ਜੋ ਅਸੀਂ ਉਸ ਭਾਵ ਖ਼ੁਦਾ ਦੇ ਅੱਗੇ *ਸੰਪੂਰਣ* ਬਣ ਜਾਈਏ, ਜੋ ਅਸੀਂ ਸੋਚ ਵੀ ਨਹੀਂ ਸਕਦੇ! *‘‘ਮੈਂ ਖ਼ੁਦਾ ਵਰਗਾ ਬਣ ਸਕਦਾ ਹਾਂ!’’ ਕਿੰਨੀ ਵੱਡੀ ਕਿਰਪਾ ਹੈ!*

ਫ਼ਰੀਸੀ ਨੂੰ ਲੱਗਾ ਸੀ ਕਿ ਉਹ ਦੂਜਿਆਂ ਨਾਲੋਂ ਚੰਗਾ ਹੈ (ਲੂਕਾ 18)। ਮਸੀਹੀ ਲੋਕਾਂ ਨੂੰ ‘‘ਖ਼ੁਦਾ ਦੇ ਵਰਗੇ ਬਣਨ’’ ਦੀ ਬਰਕਤ ਮਿਲੀ ਹੈ। ਕਿੰਨਾ ਵਧੀਆ ਟੀਚਾ ਹੈ! ਪੌਲੁਸ ਨੇ ਅਫ਼ਸੁਸ ਦੇ ਮਸੀਹੀ ਲੋਕਾਂ ਨੂੰ ਖ਼ੁਦਾ ਦੀ ਨਕਲ ਕਰਨ ਲਈ ਆਖਿਆ (ਅਫ਼ਸੀਆਂ 5:1)। ਮੈਨੂੰ ਖ਼ੁਦਾ ਦੇ ਸਰੂਪ ਉੱਤੇ ਬਣਾਇਆ ਗਿਆ ਹੈ (ਉਤਪਤ 1)। ਮੇਰਾ ਟੀਚਾ ਖ਼ੁਦਾ ਦੇ ਵਰਗੇ ਬਣਨਾ ਹੈ! ‘‘ਸੰਪੂਰਣ’’ ਸ਼ਬਦ ਨੂੰ ‘‘ਸੁੱਟ’’ ਨਾ ਦਿਓ। ਹਾਂ, ਇਸ ਦਾ ਮਤਲਬ ‘‘ਬਾਲਗ,’’ ਪਰਿਪੱਕ, ਤੁਲਨਾਤਮਕ ਸਿੱਧਤਾ ਪਾਉਣਾ ਹੋ ਸਕਦਾ ਹੈ। ਪਰ ਇਕ ਬੁਲਾਰੇ ਨੂੰ ਆਪਣੇ ਸ਼ਬਦ ਦਾ ਮਤਲਬ ਸਮਝਾਉਣ ਦਾ ਮੌਕਾ ਮਿਲਦਾ ਹੈ

ਅਤੇ ਯਿਸੂ ਨੇ ਆਖਿਆ, ''ਸੰਪੂਰਨ ਬਣੋ, *ਜਿਵੇਂ ਖ਼ੁਦਾ* ਸੰਪੂਰਨ ਹੈ।'' ਖ਼ੁਦਾ, ਖ਼ੁਦਾ ਹੈ! ਉਹ ਸੰਪੂਰਨ ਹੈ, ''ਬਾਲਗ,'' ਜਾਂ ''ਪਰਿਪੱਕ'' ਨਹੀਂ। ਉਹ ''ਪਵਿੱਤਰ, ਪਵਿੱਤਰ, ਪਵਿੱਤਰ'' ਹੈ। ਪਵਿੱਤਰ ਪਰੇਮਸ਼ੁਰ ਕਿਸੇ ਆਦਮੀ ਜਾਂ ਚੀਜ਼ ਨਾਲ ਜੋ ਅਧੂਰੀ ਹੋਵੇ, ਸਬੰਧ ਨਹੀ ਰੱਖ ਸਕਦਾ। ਖ਼ੁਦਾ ਦੇ ਨਾਲ ਚੱਲਣ ਲਈ ਸਿੱਧ ਜਾਂ ਸੰਪੂਰਨ ਹੋਣਾ ਜ਼ਰੂਰੀ ਹੈ! ਖ਼ੁਦਾ ਦੇ ਨਾਲ ਆਪਣੇ ਸਬੰਧ ਤੋਂ ਛੁੱਟ ਕਿਸੇ ਹੋਰ ਗੱਲ ਲਈ ਖਬਰਦਾਰ ਰਹੋ।

## ਸਾਡਾ ਟੀਚਾ ਸੰਪੂਰਣਤਾ ਹੈ!

ਸਾਡੇ ਵਿੱਚੋਂ ਬਹੁਤਿਆਂ ਨੂੰ ਆਪਣੇ ਟੀਚੇ ਦਾ ਹੀ ਪਤਾ ਨਹੀਂ ਹੈ। ਸਾਡਾ ਟੀਚਾ ਸੰਪੂਰਣ ਬਣਨਾ ਹੈ। ਸੰਪੂਰਣ ਪਰਮੇਸ਼ੁਰ ਸੰਪੂਰਣ ਹੋਣ ਲਈ ਆਖਦਾ ਹੈ। ਸੰਪੂਰਣ ਹੋਣਾ ਬਦਲ ਜਾਂ ਗੁੰਜਾਇਸ਼ ਹੋਣ ਤੇ ਨਹੀਂ ਹੈ। ਸਾਡਾ ਸੰਪੂਰਣ ਹੋਣਾ ਸੁਰਗ ਵਿਚ ਜਾਣ ਲਈ ਨਹੀਂ ਬਲਕਿ ਸੁਰਗ ਨੂੰ ਆਪਣੇ ਅੰਦਰ ਲਿਆਉਣ ਲਈ ਹੈ। ਸੰਪੂਰਣ ਬਣਾਉਣਾ ਖ਼ੁਦਾ ਦਾ ਮਕਸਦ ਰਿਹਾ ਹੈ। ਮਨੁੱਖ ਇਸ ਨੂੰ ਪਾ ਨਹੀਂ ਸਕਿਆ (ਉਤਪਤ 3)। ਸ਼ਰ੍ਹਾ ਨਾਲ ਕੋਈ ਸੰਪੂਰਣ ਨਹੀਂ ਬਣ ਸਕਿਆ (ਇਬਰਾਨੀਆਂ 7:19; 10:1)। ਮਸੀਹ ਭਾਵ ਸੰਪੂਰਣ ਮਨੁੱਖ ਨੇ ਸੰਪੂਰਣ ਕੁਰਬਾਨੀ ਦਿੱਤੀ (ਇਬਰਾਨੀਆਂ 5:9; 10:12, 14)। ਇਬਰਾਨੀਆਂ ਦੀ ਕਿਤਾਬ ਕਹਿੰਦੀ ਹੈ ਕਿ ਹੱਲ ''ਯਿਸੂ ਦੀ ਵੱਲ ਤੱਕਦੇ'' ਰਹਿਣਾ ਹੈ ''ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਣ ਕਰਨ ਵਾਲਾ'' ਹੈ (12:2)। ਯਿਸੂ ਨੇ ਅਮੀਰ, ਜਵਾਨ ਹਾਕਮ ਨੂੰ ''ਸੰਪੂਰਣ'' ਬਣਨ ਦਾ ਤਰੀਕਾ ਦੱਸਿਆ (ਮੱਤੀ 19:21; KJV)। ''ਸੰਪੂਰਣ'' ਬਣਨ ਦੀ ਧਾਰਣਾ, ਨਵੇਂ ਨੇਮ ਵਿਚ ਵੱਖੋ ਵੱਖ ਰੂਪਾਂ ਵਿਚ ਤੀਹ ਤੋਂ ਵੱਧ ਵਾਰ ਮਿਲਦੀ ਹੈ। ਤਕਰੀਬਨ ਬਾਰਾਂ ਵਾਰ ਹੀ ਸਾਨੂੰ ਸੁਰਗ ਬਾਰੇ ਦਲੇਰ ਕੀਤਾ ਗਿਆ ਹੈ। ''ਥੋੜਾ ਕੁ ਮਸੀਹੀ'' ਵਰਗੀ ਕੋਈ ਗੱਲ ਨਹੀਂ ਹੈ। ਪੌਲੁਸ ਦੀ ਇੱਛਾ ਸੰਪੂਰਣ ਬਣਨ ਦੀ ਹੈ (ਫ਼ਿਲਿੱਪੀਆਂ 3:12–15)। ਉਹ ਇੱਥੋਂ ਤਕ ਨਹੀਂ ਪੁੱਜਾ ਸੀ। ਪੌਲੁਸ ਦੀ ਇੱਛਾ ਹਰ ਬੰਦੇ ਨੂੰ ਮਸੀਹ ਵਿਚ ਸੰਪੂਰਣ ਪੇਸ਼ ਕਰਨ ਦੀ ਸੀ (ਕੁਲੁੱਸੀਆਂ 1:27, 28; KJV)। ਵਚਨ ਖ਼ੁਦਾ ਦੇ ਲੋਕਾਂ ਨੂੰ ਸਿੱਧ ਜਾਂ ਸੰਪੂਰਣ ਬਣਾਉਣਾ ਚਾਹੁੰਦਾ ਹੈ (2 ਤਿਮੋਥਿਉਸ 3:15–17)। ਖ਼ੁਦਾ ਸਾਨੂੰ ਹਰ ਭਲੇ ਕੰਮ ਵਿਚ ਕਾਮਿਲ ਬਣਾਉਣਾ ਚਾਹੁੰਦਾ ਹੈ (ਇਬਰਾਨੀਆਂ 13:21)। ਪ੍ਰੇਮ ''ਸੰਪੂਰਣਤਾਈ ਦਾ ਬੰਧ'' ਹੈ (ਕੁਲੁੱਸੀਆਂ 3:14; KJV)। ਖ਼ੁਦਾ ਦੇ ਵਚਨ ਨੂੰ ਮੰਨਣ ਵਾਲੇ ਖ਼ੁਦਾ ਦੇ ਪ੍ਰੇਮ ਨੂੰ ਸੰਪੂਰਣ ਹੋਇਆ ਪਾਉਂਦੇ ਹਨ (1 ਯੂਹੰਨਾ 2:5)। ਪੌਲੁਸ ਨੇ ਭਾਈਆਂ ਦੇ ਸੰਪੂਰਣ ਅਤੇ ਪੂਰਣ ਹੋਣ ਲਈ ਦੁਆ ਕੀਤੀ (ਕੁਲੁੱਸੀਆਂ 4:12; KJV)। ਆਗਿਆਕਾਰੀ ਦੇ ਕੰਮਾਂ ਨਾਲ ਨਿਹਚਾ ਸਿੱਧ ਜਾ ਕਾਮਿਲ ਹੁੰਦੀ ਹੈ (ਯਾਕੂਬ 2:22)। ਮਸੀਹੀ ਜ਼ਿੰਦਗੀ ਦਾ ਮਕਸਦ ਸਿੱਧ ਅਤੇ ਪੂਰਣ ਹੋਣਾ ਅਤੇ ਕਿਸੇ ਗੱਲ ਦੀ ਕਮੀ ਨਾ ਹੋਣਾ ਹੈ। ਖ਼ੁਦਾ ਹੀ ਸਿੱਧ ਬਣਾ ਸਕਦਾ ਹੈ। ਵਿਰੋਧਾਭਾਸ ਦੇ ਰੂਪ ਵਿਚ ਕਹੀਏ ਤਾਂ ਖ਼ੁਦਾ ਸਿਰਫ਼ ਟੁੱਟੇ ਹੋਏ, ਲਚਾਰ, ਨਿਰਭਰ ਲੋਕਾਂ ਵਿਚ ਕੰਮ ਕਰਦਾ ਹੈ। ''ਮੇਰੀ ਕਿਰਪਾ ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਨਿਰਬਲਤਾਈ ਵਿਚ ਪੂਰੀ ਹੁੰਦੀ ਹੈ'' (2 ਕੁਰਿੰਥੀਆਂ 12:9)। ਖ਼ੁਦਾ, ਜੋ ਮੇਰੇ ਅੰਦਰ ਹੈ, ਸੰਪੂਰਣ ਹੈ। ਮਸੀਹ ਜੋ ਮੇਰੇ ਅੰਦਰ ਹੈ, ਸੰਪੂਰਣ ਹੈ। ਪਵਿੱਤਰ ਆਤਮਾ, ਜੋ ਮੇਰੇ ਅੰਦਰ ਹੈ, ਸੰਪੂਰਣ ਹੈ।